ਰੂਪਨਗਰ
ਅਜੀਤ ਚੰਡੀਗੜ੍ਹ
ਅਜੀਤ
ਸੋਮਵਾਰ, 9 ਦਸੰਬਰ 2024

ਸੇਂਟ ਕਾਰਮਲ ਪ੍ਰੈਪਰੇਟਰੀ ਸਕੂਲ ਥਲੀ ਖ਼ੁਰਦ ਵਿਖੇ ਮਨਾਏ ਗਰੈਂਡ ਪੇਰੈਂਟਸ ਦਿਵਸ ਦੇ ਵੱਖ-ਵੱਖ ਦ੍ਰਿਸ਼। ਤਸਵੀਰਾਂ : ਜਸਵੀਰ ਸਿੰਘ ਸੈਣੀ

ਸੇਂਟ ਕਾਰਮਲ ਪ੍ਰੈਪਰੇਟਰੀ ਸਕੂਲ ਥਲੀ ਖ਼ੁਰਦ ਵਿਖੇ ਗਰੈਂਡ ਪੇਰੈਂਟਸ ਦਿਵਸ ਮਨਾਇਆ ਗਿਆ

ਸਮਾਗਮ ਦੌਰਾਨ ਪਹੁੰਚੇ ਵਿਦਿਆਰਥੀਆਂ ਦੇ ਦਾਦਾ ਦਾਦੀ ਖੇਡ ਮੁਕਾਬਲੇ ਵੀ ਕਰਵਾਏ ਗਏ

ਘਨੌਲੀ, 8 ਦਸੰਬਰ (ਜਸਵੀਰ ਸਿੰਘ ਸੈਣੀ)-ਸੈਂਟ ਕਾਰਮਲ ਪ੍ਰੈਪਰੇਟਰੀ ਸਕੂਲ ਥਲੀ ਖ਼ੁਰਦ ਵਿਖੇ ਗਰੈਂਡ ਪੇਰੈਂਟਸ ਅਭਾਰ ਦਿਵਸ ਮਨਾਇਆ ਗਿਆ। ਇਸ ਸਮਾਗਮ ਦੀ ਸ਼ੁਰੂਆਤ ਸਕੂਲ ਦੀ ਕਾਰਜਕਾਰੀ ਪ੍ਰਿੰਸੀਪਲ ਪੂਜਾ ਜੈਨ ਵਲੋਂ ਸਮਾਗਮ ਦੌਰਾਨ ਪਹੁੰਚੇ ਵਿਦਿਆਰਥੀਆਂ ਦੇ ਦਾਦਾ ਦਾਦੀ ਨੂੰ ਜੀ ਆਇਆਂ ਆਖਦਿਆਂ ਕੀਤੀ ਗਈ। ਸਮਾਗਮ ਦੀ ਸ਼ੁਰੂਆਤ ਗੁਰਬਾਣੀ ਕੀਰਤਨ ਅਤੇ ਗਣੇਸ਼ ਬੰਦਨਾ ਤੋਂ ਕੀਤੀ ਗਈ। ਉਨ੍ਹਾਂ ਨੇ ਕਿਹਾ ਕਿ ਇਸ ਸਮਾਗਮ ਦਾ ਮੁੱਖ ਉਦੇਸ਼ ਅਜੋਕੇ ਸਮੇਂ ਵਿਚ ਬਜ਼ੁਰਗਾਂ ਅਤੇ ਬੱਚਿਆਂ ਵਿਚ ਆਪਸੀ ਮੇਲ ਜੋਲ ਵਧਾ ਕੇ ਇੱਕ ਦੂਜੇ ਦੇ ਨੇੜਤਾ ਲਿਆਉਣਾ ਅਤੇ ਬਜ਼ੁਰਗਾਂ ਦੀ ਜੀਵਨ ਵਿਚ ਅਹਿਮੀਅਤ ਨੂੰ ਸਮਾਗਮ ਰਾਹੀ ਰੂਬਰੂ ਕਰਨਾ ਸੀ। ਉਨ੍ਹਾਂ ਨੇ ਕਿਹਾ ਕਿ ਸਮਾਗਮ ਤੋਂ ਬੱਚਿਆਂ ਨੂੰ ਬਜ਼ੁਰਗਾਂ ਦਾ ਸਤਿਕਾਰ ਅਤੇ ਉਨ੍ਹਾਂ ਪ੍ਰਤੀ ਚੰਗੇ ਗੁਣ ਪੈਦਾ ਕਰਨਾ ਹੈ। ਸਕੂਲ ਦੇ ਛੋਟੇ-ਛੋਟੇ ਵਿਦਿਆਰਥੀਆਂ ਵਲੋਂ ਸੱਭਿਆਚਾਰਕ ਸਮਾਗਮ ਡਾਂਸ, ਸੋਲੋ, ਕੋਰੀਓਗ੍ਰਾਫੀ ਧੀਆਂ ਦੀ ਬਾਖੂਬੀ ਢੰਗ ਨਾਲ ਦਰਸ਼ਕਾਂ ਅੱਗੇ ਪੇਸ਼ ਕੀਤੀ ਗਈ ਅਤੇ ਵਿਦਿਆਰਥੀਆਂ ਵਲੋਂ ਗਿੱਧਾ, ਭੰਗੜਾ ਦੀ ਪੇਸ਼ਕਾਰੀ ਨੇ ਤਾਂ ਸਭ ਨੂੰ ਹੈਰਾਨ ਕਰ ਦਿੱਤਾ। ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਪਹੁੰਚੇ ਵਿਦਿਆਰਥੀਆਂ ਦੇ ਦਾਦਾ ਦਾਦੀ ਦੀਆਂ ਵੀ ਖੇਡ ਮੁਕਾਬਲੇ ਤੇ ਵੱਖ-ਵੱਖ ਆਈਟਮਾਂ ਪੇਸ਼ ਕੀਤੀ ਗਈਆ ਅਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਦੇ ਅਖੀਰ ਵਿਚ ਪ੍ਰਿੰਸੀਪਲ ਮੈਡਮ ਪੂਜਾ ਜੈਨ ਵਲੋਂ ਸਮਾਗਮ ਯੋਗਦਾਨ ਪਾਉਣ ਵਾਲੇ ਵਿਦਿਆਰਥੀਆਂ ਅਤੇ ਸਮਾਗਮ ਦੌਰਾਨ ਉਚੇਚੇ ਤੌਰ 'ਤੇ ਪਹੁੰਚੇ ਵਿਦਿਆਰਥੀਆਂ ਦੇ ਦਾਦਾ ਦਾਦੀ ਤੇ ਪਰਿਵਾਰਕ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਸਮਾਗਮ ਨੂੰ ਨੇਪਰੇ ਚਾੜ੍ਹਨ ਦੇ ਲਈ ਵਡਮੁੱਲਾ ਯੋਗਦਾਨ ਦਿੱਤਾ ਹੈ।

ਸ੍ਰੀ ਖਾਟੂ ਸ਼ਾਮ ਜੀ ਨੂੰ ਸਮਰਪਿਤ ਸ਼ੋਭਾ ਯਾਤਰਾ ਵਿਚ ਭਾਜਪਾ ਆਗੂਆਂ ਨੇ ਹਾਜ਼ਰੀ ਭਰੀ

ਰੂਪਨਗਰ, 8 ਦਸੰਬਰ (ਸਟਾਫ਼ ਰਿਪੋਰਟਰ)-ਸ੍ਰੀ ਖਾਟੂ ਸ਼ਾਮ ਜੀ ਨੂੰ ਸਮਰਪਿਤ ਸ਼ੋਭਾ ਯਾਤਰਾ ਸ਼ਹਿਰ ਵਿੱਚੋਂ ਕੱਢੀ ਗਈ, ਜਿਸ ਵਿੱਚ ਭਾਰਤੀ ਜਨਤਾ ਪਾਰਟੀ ਰੂਪਨਗਰ ਦੇ ਮੰਡਲ ਪ੍ਰਧਾਨ ਜਗਦੀਸ਼ ਚੰਦਰ ਕਾਜਲਾ ਨੇ ਆਪਣੇ ਸਾਥੀਆਂ ਸਮੇਤ ਹਾਜ਼ਰੀ ਭਰੀ। ਇਹ ਸ਼ੋਭਾ ਯਾਤਰਾ ਸ੍ਰੀ ਹਨੂੰਮਾਨ ਮੰਦਿਰ ਵਿਖੇ ਸ੍ਰੀ ਖਾਟੂ ਸ਼ਾਮ ਜੀ ਦੀ ਮੂਰਤੀ ਸਥਾਪਨਾ ਦੇ ਸੰਬੰਧ ਵਿਚ ਕੱਢੀ ਗਈ। ਇਸ ਮੌਕੇ ਸ੍ਰੀ ਕਾਜਲਾ ਅਤੇ ਉਹਨਾਂ ਦੇ ਸਾਥੀਆਂ ਨੇ ਵਿਸ਼ੇਸ਼ ਤੌਰ ਤੇ ਪਹੁੰਚੇ ਕਥਾਵਾਚਕ ਸ੍ਰੀ ਧੰਨਜੈਦਾਸ ਜੀ ਦਾ ਆਸ਼ੀਰਦਾਸ ਪ੍ਰਾਪਤ ਕੀਤਾ। ਸ੍ਰੀ ਕਾਜਲਾ ਨੇ ਕਿਹਾ ਭਗਵਾਨ ਸ੍ਰੀ ਖਾਟੂ ਸ਼ਾਮ ਜੀ ਦੇ ਆਸ਼ੀਰਵਾਦ ਸਦਕਾ ਇਹ ਭਾਗਾਂ ਵਾਲਾ ਦਿਨ ਦੇਖਣ ਨੂੰ ਮਿਲ ਰਿਹਾ ਹੈ। ਇਸ ਮੌਕੇ ਉਹਨਾਂ ਸੰਗਤ ਦੇ ਨਾਲ ਪੈਦਲ ਚੱਲ ਕੇ ਭਗਵਾਨ ਦਾ ਗੁਣਗਾਨ ਕੀਤਾ। ਇਸ ਮੌਕੇ ਪ੍ਰਧਾਨ ਕਪਿਲ ਦੇਵ, ਅਭੀਸ਼ੇਕ ਅਗਨੀਹੋਤਰੀ, ਟੋਨੀ ਵਰਮਾ, ਸੁਖਰਾਮ ਚੌਧਰੀ, ਦਰਸ਼ਨ ਲਾਲ ਵਰਮਾ, ਜੀਤ ਰਾਮ ਵਰਮਾ, ਸ਼ੰਮੀ ਜੈਂ, ਦਲੀਪ ਸਿੰਘ ਆਦਿ ਮੌਜੂਦ ਸਨ।

ਅਜੈਵੀਰ ਸਿੰਘ ਲਾਲਪੁਰਾ ਵਲੋਂ ਕੇਂਦਰੀ ਮੰਤਰੀ ਨਿਤਿਨ ਗਡਕਰੀ ਨਾਲ ਮੀਟਿੰਗ

ਰੂਪਨਗਰ, 8 ਦਸੰਬਰ (ਸਟਾਫ਼ ਰਿਪੋਰਟਰ)-ਕੇਂਦਰੀ ਸੜਕ ਪਰਿਵਾਹਨ ਅਤੇ ਰਾਜ ਮਾਰਗ ਮੰਤਰੀ, ਨਿਤਿਨ ਗਡਕਰੀ ਨਾਲ ਟੈਕਸੀ ਯੂਨੀਅਨਾਂ ਦੇ ਪ੍ਰਤੀਨਿਧੀਆਂ ਦੀ ਇਕ ਮਹੱਤਵਪੂਰਨ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੀ ਅਗਵਾਈ ਰੂਪਨਗਰ ਜ਼ਿਲ੍ਹੇ ਦੇ ਭਾਜਪਾ ਪ੍ਰਧਾਨ, ਅਜੈਵੀਰ ਸਿੰਘ ਲਾਲਪੁਰਾ ਨੇ ਕੀਤੀ। ਮੀਟਿੰਗ ਵਿਚ ਟੈਕਸੀ ਓਪਰੇਟਰਾਂ ਅਤੇ ਟਰਾਂਸਪੋਰਟਰਾਂ ਨੇ ਆਪਣੀਆਂ ਸਮੱਸਿਆਵਾਂ ਅਤੇ ਮੰਗਾਂ ਮੰਤਰੀ ਜੀ ਦੇ ਸਾਹਮਣੇ ਰੱਖੀਆਂ। ਦੱਸਣਯੋਗ ਹੈ ਕਿ ਇਹ ਮੰਗਾਂ ਦੇਸ਼ ਭਰ ਦੇ ਟੈਕਸੀ ਓਪਰੇਟਰਾਂ ਨਾਲ ਜੁੜੀਆਂ ਹੋਈਆਂ ਹਨ, ਜਿਨ੍ਹਾਂ ਦੀ ਨੁਮਾਇੰਦਗੀ ਅਜੈਵੀਰ ਸਿੰਘ ਲਾਲਪੁਰਾ ਵਲੋਂ ਕੀਤੀ ਗਈ। ਮੀਟਿੰਗ ਦੌਰਾਨ, ਲਾਲਪੁਰਾ ਨੇ ਟੈਕਸੀ ਚਾਲਕਾਂ ਦੀਆਂ ਮੁੱਖ ਸਮੱਸਿਆਵਾਂ ਉੱਤੇ ਚਾਨਣ ਪਾਇਆ। ਲਾਲਪੁਰਾ ਨੇ ਦੱਸਿਆ ਕਿ ਮੌਜੂਦਾ ਨੀਤੀਆਂ ਨਾਲ ਟੈਕਸੀ ਓਪਰੇਟਰਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੁੱਖ ਮੰਗਾਂ ਵਿਚੋਂ ਇਕ ਵਾਹਨਾਂ ਵਿਚ ਲਗਾਏ ਗਏ ਸਪੀਡ ਗਵਰਨਰ ਗ਼ੈਰਜ਼ਰੂਰੀ ਹਨ ਅਤੇ ਇਨ੍ਹਾਂ ਨੂੰ ਹਟਾ ਦਿੱਤਾ ਜਾਣਾ ਚਾਹੀਦਾ ਹੈ। ਇਸਦੇ ਇਲਾਵਾ, ਪੈਨਿਕ ਬਟਨ ਨੂੰ ਵੀ ਹਟਾਉਣ ਦੀ ਮੰਗ ਕੀਤੀ ਗਈ, ਕਿਉਂਕਿ ਸਾਰੇ ਵਾਹਨ ਜੀ.ਪੀ.ਐੱਸ. ਸੁਵਿਧਾ ਨਾਲ ਲੈਸ ਹਨ। ਉਨ੍ਹਾਂ ਮੰਤਰੀ ਜੀ ਦੇ ਧਿਆਨ ਵਿਚ ਲਿਆਂਦਾ ਕਿ ਟੈਕਸੀ ਸਟੈਂਡਾਂ 'ਤੇ ਪਖਾਨਿਆਂ ਦੀ ਸੁਵਿਧਾ ਦੀ ਘਾਟ ਵੀ ਇਕ ਵੱਡੀ ਸਮੱਸਿਆ ਵਜੋਂ ਸਾਹਮਣੇ ਆਈ ਹੈ। ਉਨ੍ਹਾਂ ਨੇ ਬੇਨਤੀ ਕੀਤੀ ਕਿ ਸਾਰੇ ਨਿਰਧਾਰਿਤ ਟੈਕਸੀ ਸਟੈਂਡਾਂ 'ਤੇ ਟਾਇਲਟਾਂ ਦਾ ਨਿਰਮਾਣ ਕਰਵਾਇਆ ਜਾਵੇ। ਨਿਤਿਨ ਗਡਕਰੀ ਨੇ ਲਾਲਪੁਰਾ ਅਤੇ ਟੈਕਸੀ ਯੂਨੀਅਨਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਯੋਗ ਹੱਲ ਕੱਢਿਆ ਜਾਵੇਗਾ। ਇਸ ਮੀਟਿੰਗ ਨਾਲ ਟੈਕਸੀ ਚਾਲਕਾਂ ਅਤੇ ਟਰਾਂਸਪੋਰਟਰਾਂ ਨੂੰ ਇੱਕ ਨਵੀਂ ਉਮੀਦ ਮਿਲੀ ਹੈ। ਇਨ੍ਹਾਂ ਵਿਚ ਬਹੁਗਿਣਤੀ ਟੈਕਸੀ ਓਪਰੇਟਰ ਤੇ ਟਰਾਂਸਪੋਰਟਰ ਰੂਪਨਗਰ ਜ਼ਿਲ੍ਹੇ ਨਾਲ ਸੰਬੰਧਿਤ ਹਨ ਜੋ ਦਿੱਲੀ ਵਿਖੇ ਹੀ ਆਪਣਾ ਕਾਰੋਬਾਰ ਚਲਾ ਰਹੇ ਹਨ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸਾਂਸਦ ਕਮਲਜੀਤ ਸ਼ਹਿਰਾਵਤ, ਓਂਕਾਰ ਸਿੰਘ ਰਾਜਾ, ਜਸਵਿੰਦਰ ਸਿੰਘ ਸਿੱਧੂ, ਹਰਵਿੰਦਰ ਸਿੰਘ, ਜਸਵੀਰ ਸਿੰਘ ਜੱਸੀ, ਗੁਰਵਿੰਦਰ ਸਿੰਘ ਅਤੇ ਗੁਰਚਰਨ ਸਿੰਘ ਵੀ ਮੌਜੂਦ ਸਨ।

ਕੇਂਦਰੀ ਮੰਤਰੀ ਨਿਤਿਨ ਗਡਕਰੀ ਨਾਲ ਅਜੈਵੀਰ ਸਿੰਘ ਲਾਲਪੁਰਾ ਨਾਲ ਟੈਕਸੀ ਆਪਰੇਟਰ ਅਤੇ ਟਰਾਂਸਪੋਰਟਰ। ਅਜੀਤ ਤਸਵੀਰ

ਕੋਰਸ ਮੁਕੰਮਲ ਕਰਨ ਵਾਲੀਆਂ ਲੜਕੀਆਂ ਨੂੰ ਪ੍ਰਮਾਣ ਪੱਤਰ ਤੇ ਸਿਲਾਈ ਮਸ਼ੀਨਾਂ ਵੰਡੀਆਂ

ਨੰਗਲ, 5 ਦਸੰਬਰ (ਪ੍ਰੀਤਮ ਸਿੰਘ ਬਰਾਰੀ)-ਅਰਪਨ ਸੰਸਥਾ ਵਲੋਂ ਸੋਸਵਾ ਪੰਜਾਬ ਦੀ ਮਦਦ ਨਾਲ ਪਿੰਡ ਮੇਘਪੁਰ ਵਿਚ ਚਲਾਏ ਜਾ ਰਹੇ ਕਟਿੰਗ ਟੇਲਰਿੰਗ ਸਿਖਲਾਈ ਸੈਂਟਰ ਵਿਚ ਕੋਰਸ ਮੁਕੰਮਲ ਕਰਨ ਵਾਲੀਆਂ ਸਿਖਿਆਰਥਣਾਂ ਨੂੰ ਸਰਟੀਫਿਕੇਟ ਅਤੇ ਸਿਲਾਈ ਮਸ਼ੀਨਾਂ ਦਿੱਤਿਆਂ ਗਈਆਂ। ਇਸ ਸਬੰਧੀ ਕਰਵਾਏ ਗਏ ਸਮਾਗਮ ਵਿਚ ਸਾਂਈ ਪ੍ਰਵੇਜ਼ ਸ਼ਾਹ ਮੁੱਖ ਸੇਵਾਦਾਰ ਦਰਗਾਹ ਫ਼ਕੀਰ ਸਾਈ ਬਾਬਾ ਬੁੱਢਣ ਸ਼ਾਹ ਜੀ ਕੀਰਤਪੁਰ ਸਾਹਿਬ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਅਰਪਨ ਸੰਸਥਾ ਦੇ ਮੈਂਬਰ ਮੈਡਮ ਰੀਮਾ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਇਸ ਪ੍ਰੋਗਰਾਮ ਬਾਰੇ ਦੱਸਿਆ। ਸਮਾਗਮ ਵਿਚ ਹਾਜ਼ਰ ਸਿਖਿਆਰਥਣਾਂ ਕੰਚਨ, ਚੰਦਰ ਕਾਂਤਾ, ਸੁਦੇਸ਼ ਕੁਮਾਰੀ,ਰਮਨਦੀਪ ਕੌਰ, ਮੁਖ਼ਤਿਆਰ ਕੌਰ, ਰਜਨੀ ਬਾਲਾ, ਸੁਨੀਤਾ ਦੇਵੀ, ਅਮਨਦੀਪ ਕੌਰ, ਰੀਤੂ, ਸੁਨੀਤਾ, ਊਸ਼ਾ, ਜੋਤੀ, ਸ਼ਿੰਦੋ, ਪੂਨਮ, ਸ਼ਿਲਪਾ, ਅਨੀਤਾ, ਬਲਜੀਤ ਕੌਰ, ਵੀਰੋ, ਮਨਜੀਤ ਕੌਰ, ਪ੍ਰਿਅੰਕਾ ਆਦਿ ਨੇ ਸਿਲਾਈ ਸੈਂਟਰ ਦੇ ਅਪਣੇ ਤਜ਼ਰਬੇ ਸਾਂਝੇ ਕੀਤੇ। ਅਰਪਨ ਸੰਸਥਾ ਦੇ ਡਾਇਰੈਕਟਰ ਕੁਲਦੀਪ ਚੰਦ ਨੇ ਅਰਪਨ ਸੰਸਥਾਂ ਵਲੋਂ ਕੀਤੇ ਜਾ ਰਹੇ ਸਮਾਜ ਭਲਾਈ ਦੇ ਕੰਮਾਂ ਬਾਰੇ ਵਿਸਥਾਰ ਵਿਚ ਦੱਸਿਆ। ਉਨ੍ਹਾਂ ਨੇ ਕਟਿੰਗ ਟੇਲਰਿੰਗ ਸਿਖਲਾਈ ਸੈਂਟਰ ਵਿਚ ਕੋਰਸ ਮੁਕੰਮਲ ਕਰ ਚੁੱਕੀਆਂ ਸੈਂਕੜੇ ਲੜਕੀਆਂ ਵਲੋਂ ਪਰਿਵਾਰ ਦੀ ਆਰਥਿਕ ਆਤਮ ਨਿਰਭਰਤਾ ਲਈ ਕੀਤੇ ਜਾ ਰਹੇ ਕੰਮਾਂ ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਯੂਥ ਕਲੱਬ ਆਗੂ ਬਲਵਿੰਦਰ ਲਾਖਾ ਨੇ ਕਿਹਾ ਕਿ ਪਿੰਡਾਂ ਵਿਚ ਲੜਕੀਆਂ ਅਤੇ ਮਹਿਲਾਵਾਂ ਲਈ ਇਸ ਤਰਾਂ ਦੇ ਸਿਖਲਾਈ ਪ੍ਰੋਗਰਾਮਾਂ ਦੀ ਬਹੁਤ ਜ਼ਰੂਰਤ ਹੈ ਤਾਂ ਜੋ ਇਸ ਤਰਾਂ ਦੀ ਸਿਖਲਾਈ ਮੁਕੰਮਲ ਕਰਨ ਤੋਂ ਬਾਦ ਲੜਕੀਆਂ ਆਰਥਿਕ ਤੋਰ ਤੇ ਆਤਮ ਨਿਰਭਰ ਹੋ ਸਕਣ। ਉਨ੍ਹਾਂ ਨੇ ਲੜਕੀਆਂ ਨੂੰ ਆਰਥਿਕ ਤੌਰ 'ਤੇ ਆਤਮ ਨਿਰਭਰ ਬਣਨ ਦੀ ਪ੍ਰੇਰਨਾ ਦਿੱਤੀ। ਕਟਿੰਗ ਟੇਲਰਿੰਗ ਸੈਂਟਰ ਦੇ ਇੰਚਾਰਜ ਮੈਡਮ ਰਜਨੀ ਦੇਵੀ ਨੇ ਇਸ ਸਿਖਲਾਈ ਕੋਰਸ ਦੌਰਾਨ ਦਿੱਤੀ ਗਈ ਟਰੇਨਿੰਗ ਬਾਰੇ ਵਿਸਥਾਰ ਵਿਚ ਦੱਸਿਆ। ਮੁੱਖ ਮਹਿਮਾਨ ਸਾਈ ਪਰਵੇਜ਼ ਸ਼ਾਹ ਨੇ ਸਮਾਜ ਵਿਚ ਫੈਲ ਰਹੀਆਂ ਸਮਾਜਿਕ ਬੁਰਾਈਆਂ ਅਨਪੜ੍ਹਤਾ, ਨਸ਼ੇ, ਲੜਕੀਆਂ ਨਾਲ ਹੋ ਰਹੇ ਵਿਤਕਰੇ ਖ਼ਿਲਾਫ਼ ਲੜਨ ਲਈ ਲੜਕੀਆਂ ਨੂੰ ਅੱਗੇ ਹੋ ਕੇ ਕੰਮ ਕਰਨ ਦਾ ਸੁਨੇਹਾ ਦਿੱਤਾ। ਉਨ੍ਹਾਂ ਨੇ ਅਰਪਨ ਸੰਸਥਾ ਵਲੋਂ ਚਲਾਏ ਜਾ ਰਹੇ ਸਮਾਜਿਕ ਕਾਰਜਾਂ ਲਈ ਹਰ ਪ੍ਰਕਾਰ ਦਾ ਸਹਿਯੋਗ ਦੇਣ ਦਾ ਭਰੋਸਾ ਦਿਤਾ। ਮੈਡਮ ਸੁਦੇਸ਼ ਕੁਮਾਰੀ ਨੇ ਕੋਰਸ ਮੁਕੰਮਲ ਕਰਨ ਵਾਲੀਆਂ ਸਿਖਿਆਰਥਣਾਂ ਨੂੰ ਵਧਾਈ ਦਿੱਤੀ ਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਰਮੇਸ਼ ਚੰਦਰ, ਸਰਪੰਚ ਗੋਪਾਲ ਅਗਨਿਹੋਤਰੀ, ਸਰਪੰਚ ਸੋਨੀਆ, ਪ੍ਰਹਿਲਾਦ, ਮੁਨੀਸ਼ ਕੁਮਾਰ, ਪ੍ਰਧਾਨ ਬਲਕਾਰ ਸਿੰਘ ਤੇ ਨਰੈਣ ਦਾਸ ਆਦਿ ਹਾਜ਼ਰ ਸਨ।

ਸਿਖਲਾਈ ਸੈਂਟਰ ਵਿਚ ਕੋਰਸ ਮੁਕੰਮਲ ਕਰਨ ਵਾਲੀਆਂ ਸਿਖਿਆਰਥਣਾਂ ਨੂੰ ਸਰਟੀਫਿਕੇਟ ਅਤੇ ਸਿਲਾਈ ਮਸ਼ੀਨਾਂ ਵੰਡੇ ਜਾਣ ਦੀ ਤਸਵੀਰ।

ਪਿੰਡ ਮੜੌਲੀ ਕਲਾਂ ਵਿਖੇ ਜਾਗਰੂਕਤਾ ਕੈਂਪ ਲਗਾਇਆ

ਮੋਰਿੰਡਾ, 8 ਦਸੰਬਰ (ਤਰਲੋਚਨ ਸਿੰਘ ਕੰਗ)-ਪੰਜਾਬ ਡੇਅਰੀ ਵਿਕਾਸ ਬੋਰਡ ਅਤੇ ਡੇਅਰੀ ਵਿਕਾਸ ਵਿਭਾਗ ਰੂਪਨਗਰ ਵਲੋਂ ਮੋਰਿੰਡਾ ਬਲਾਕ ਦੇ ਪਿੰਡ ਮੜੌਲੀ ਕਲਾਂ ਵਿਖੇ ਦੁੱਧ ਉਤਪਾਦਕਤਾ ਜਾਗਰੂਕਤਾ ਕੈਂਪ ਲਗਾਇਆ ਗਿਆ, ਜਿਸ ਵਿਚ ਡੇਅਰੀ ਫਾਰਮਿੰਗ ਤੋਂ ਵੱਧ ਮੁਨਾਫ਼ਾ ਲੈਣ ਸਬੰਧੀ ਦੁੱਧ ਉਤਪਾਦਕਾਂ ਨੂੰ ਜਾਣਕਾਰੀ ਦਿੱਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਰੂਪਨਗਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਡੇਅਰੀ ਵਿਕਾਸ ਵਿਭਾਗ ਵਲੋਂ ਮੋਰਿੰਡਾ-ਕੁਰਾਲੀ ਰੋਡ ਤੇ ਪੈਂਦੇ ਡੇਅਰੀ ਸਿਖਲਾਈ ਕੇਂਦਰ ਚਤਾਮਲੀ ਵਿਖੇ ਵੱਖ-ਵੱਖ ਤਰਾਂ ਦੀਆਂ ਡੇਅਰੀ ਸਿਖਲਾਈਆਂ ਦਿੱਤੀਆਂ ਜਾਂਦੀਆਂ ਹਨ। ਜੋ ਵੀ ਕਿਸਾਨ ਡੇਅਰੀ ਦਾ ਕਿੱਤਾ ਕਰਨਾ ਚਾਹੁੰਦੇ ਹਨ, ਉਹ ਵਿਭਾਗ ਕੋਲੋਂ ਆਧੁਨਿਕ ਸਿਖਲਾਈ ਪ੍ਰਾਪਤ ਕਰਕੇ ਡੇਅਰੀ ਤੋਂ ਮੁਨਾਫ਼ਾ ਪ੍ਰਾਪਤ ਕਰ ਸਕਦੇ ਹਨ। ਜਾਗਰੂਕਤਾ ਕੈਂਪ ਦੌਰਾਨ ਯੂਕੋ ਬੈਂਕ ਰੋਪੜ੍ਹ ਤੋਂ ਜੀ. ਐੱਸ. ਰੌਨੀ ਨੇ ਬੈਂਕਾਂ ਤੋਂ ਮਿਲਦੇ ਡੇਅਰੀ ਕਰਜ਼ੇ ਸਬੰਧੀ ਜਾਣਕਾਰੀ ਦਿੱਤੀ। ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀ ਡਾ. ਗੋਪਾਲ ਵਲੋਂ ਵਿਭਾਗ ਦੁਆਰਾ ਚਲਾਈਆਂ ਜਾਂਦੀਆਂ ਯੋਜਨਾਵਾਂ ਸਬੰਧੀ ਜਾਣੂੰ ਕਰਵਾਇਆ। ਜਾਗਰੂਕਤਾ ਕੈਂਪ ਦੌਰਾਨ ਪਸ਼ੂ ਮਾਹਿਰ ਡਾ. ਅਮਰਜੀਤ ਸਿੰਘ ਢਿੱਲੋਂ ਨੇ ਦੁਧਾਰੂ ਪਸ਼ੂਆਂ ਦੀਆਂ ਨਸਲਾਂ, ਸੰਤੁਲਿਤ ਪਸ਼ੂ ਆਹਾਰ, ਪਸ਼ੂਆਂ ਦੀ ਸਰਦੀਆਂ ਵਿਚ ਦੇਖਭਾਲ ਅਤੇ ਬਿਮਾਰੀਆਂ ਤੋਂ ਬਚਾਅ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਸਰਪੰਚ ਗੁਰਮੀਤ ਸਿੰਘ ਮੜੌਲੀ ਕਲਾਂ, ਪਲਾਂਟ ਆਪਰੇਟਰ ਬਲਜਿੰਦਰ ਸਿੰਘ ਤੇ ਹੋਰ ਮੌਜੂਦ ਸਨ।

ਪਿੰਡ ਮੜੌਲੀ ਕਲਾਂ ਵਿਖੇ ਲਗਾਏ ਜਾਗਰੂਕਤਾ ਕੈਂਪ ਦੌਰਾਨ ਵਿਭਾਗ ਅਧਿਕਾਰੀ ਅਤੇ ਦੁੱਧ ਉਤਪਾਦਕ।

ਡਾ. ਅੰਬੇਡਕਰ ਜੀ ਦੇ ਪ੍ਰੀ-ਨਿਰਵਾਣ ਦਿਵਸ ਮੌਕੇ ਇਕੱਤਰ ਸ੍ਰੀ ਗੁਰੂ ਰਵੀਦਾਸ ਸੇਵਾ ਸੁਸਾਇਟੀ ਦੇ ਮੈਂਬਰ ਤੇ ਹੋਰ। ਤਸਵੀਰ : ਵਰੁਣ ਲਾਂਬਾ

ਸ੍ਰੀ ਗੁਰੂ ਰਵਿਦਾਸ ਸੇਵਾ ਸੁਸਾਇਟੀ ਵਲੋਂ ਡਾ. ਅੰਬੇਡਕਰ ਦੇ ਪ੍ਰੀ-ਨਿਰਵਾਣ ਦਿਵਸ ਮੌਕੇ ਸ਼ਰਧਾਂਜਲੀ ਭੇਟ

ਰੂਪਨਗਰ, 8 ਦਸੰਬਰ (ਸਤਨਾਮ ਸਿੰਘ ਸੱਤੀ)-ਸ੍ਰੀ ਗੁਰੂ ਰਵੀਦਾਸ ਸੇਵਾ ਸੁਸਾਇਟੀ ਪੱਕਾ ਬਾਗ਼, ਰੋਪੜ ਵਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦਾ ਪ੍ਰੀ-ਨਿਰਵਾਣ ਦਿਵਸ (ਬਰਸੀ) ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਰੂਪਨਗਰ ਵਿਖੇ ਡਾ. ਬੀ. ਆਰ. ਅੰਬੇਦਕਰ ਜੀ ਦੇ ਬੁੱਤ ਤੇ ਫੁੱਲਾਂ ਦੀ ਵਰਖਾ ਕਰਕੇ ਮਨਾਇਆ ਗਿਆ। ਇਸ ਮੌਕੇ ਚੇਅਰਮੈਨ ਸ੍ਰੀ ਗੁਰੂ ਰਵੀਦਾਸ ਸੇਵਾ ਸੁਸਾਇਟੀ ਪੱਕਾ ਬਾਗ਼ ਰੂਪਨਗਰ, ਕਰਮ ਸਿੰਘ ਡੱਲਾ ਅਤੇ ਬਾਕੀ ਮੋਹਤਬਰਾਂ ਨੇ ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦੀ ਜੀਵਨੀ ਅਤੇ ਉਪਲਬਧੀਆਂ ਤੇ ਚਾਨਣਾਂ ਪਾਇਆ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਦਾ ਸੰਘਰਸ਼ਮਈ ਜੀਵਨ ਅਤੇ ਦੇਸ਼ ਪ੍ਰਤੀ ਸਮਰਪਣ ਤੋਂ ਸਾਡੀ ਨੌਜਵਾਨ ਪੀੜ੍ਹੀ ਨੂੰ ਮਾਰਗ ਦਰਸ਼ਨ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਨੂੰ ਭਾਰਤ ਦੇ ਸੰਵਿਧਾਨ ਨਿਰਮਾਤਾ ਵੀ ਕਿਹਾ ਜਾਂਦਾ ਹੈ ਜਿਨ੍ਹਾਂ ਨੇ ਦੇਸ਼ ਦੇ ਵੱਖ-ਵੱਖ ਧਰਮਾਂ ਅਤੇ ਸੱਭਿਆਚਾਰ ਨੂੰ ਇੱਕ ਮਾਲਾ ਵਿਚ ਪਰੋਇਆ। ਇਨ੍ਹਾਂ ਬੁਲਾਰਿਆਂ ਵਿਚ ਐਡਵੋਕੇਟ ਚਰਨਜੀਤ ਸਿੰਘ ਘਈ, ਚੇਅਰਮੈਨ ਐੱਸ. ਸੀ. ਡਿਪਾਰਟਮੈਂਟ ਪ੍ਰੇਮ ਸਿੰਘ ਡੱਲਾ, ਲਾਭ ਸਿੰਘ ਐੱਸ.ਡੀ.ਓ., ਛੋਟਾ ਸਿੰਘ ਏ.ਓ., ਬੁੱਧ ਸਿੰਘ ਏ.ਡੀ.ਐਮ., ਦਰਸ਼ਨ ਸਿੰਘ ਸੰਧੂ ਪ੍ਰਧਾਨ, ਰਜਨੀ ਪ੍ਰਧਾਨ, ਸੌਰਵ ਘਈ ਐਡਵੋਕੇਟ, ਮਨਪ੍ਰੀਤ ਕੌਰ ਘਈ ਐਡਵੋਕੇਟ, ਨਿਰਮਲ ਸਿੰਘ ਬੀ. ਸੀ. ਕਾਰਪੋਰੇਸ਼ਨ ਆਦਿ ਹਾਜ਼ਰ ਸਨ।

ਭੱਟੋਂ ਵਿਖੇ ਕਰਵਾਇਆ ਗਿਆ ਤਿੰਨ ਰੋਜ਼ਾ ਫੁੱਟਬਾਲ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸਮਾਪਤ

ਨੰਗਲ ਦੀ ਟੀਮ ਨੇ ਨਕਦ ਰਾਸ਼ੀ ਤੇ ਟਰਾਫੀ 'ਤੇ ਕੀਤਾ ਕਬਜ਼ਾ

ਨੂਰਪੁਰ ਬੇਦੀ, 8 ਦਸੰਬਰ (ਵਿੰਦਰਪਾਲ ਝਾਂਡੀਆਂ)-ਨੌਜਵਾਨ ਸਭਾ ਪਿੰਡ ਭੱਟੋਂ ਵਲੋਂ ਕਰਵਾਇਆ ਗਿਆ 3 ਰੋਜ਼ਾ ਫੁੱਟਬਾਲ ਟੂਰਨਾਮੈਂਟ ਅੱਜ ਸ਼ਾਨੋ-ਸ਼ੌਕਤ ਨਾਲ ਸਮਾਪਤ ਹੋ ਗਿਆ। ਟੂਰਨਾਮੈਂਟ ਦੇ ਇਨਾਮ ਵੰਡ ਸਮਾਰੋਹ ਦੌਰਾਨ ਸਰਪੰਚ ਮਾਸਟਰ ਗੁਰਨਾਮ ਸਿੰਘ ਗਿੱਲ, ਸਾਬਕਾ ਜ਼ਿਲਾ ਪ੍ਰੀਸ਼ਦ ਮੈਂਬਰ ਤੇ ਸਾਬਕਾ ਸਰਪੰਚ ਬਲਵੀਰ ਸਿੰਘ ਭੱਟੋਂ, ਸਾਬਕਾ ਸਰਪੰਚ ਗੁਰਮੇਲ ਸਿੰਘ ਭੱਟੋਂ, ਦਰਸ਼ਨਾ ਦੇਵੀ ਅਤੇ ਦਰਸ਼ਨ ਸਿੰਘ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ 'ਤੇ ਉਨ੍ਹਾਂ ਕਿਹਾ ਕਿ ਨੌਜਵਾਨ ਨਸ਼ਿਆ ਵਰਗੀਆ ਭੈੜੀਆਂ ਅਲਾਮਤਾਂ ਤੋਂ ਦੂਰ ਰਹਿਕੇ ਖੇਡਾਂ ਵੱਲ ਵਧੇਰੇ ਰੁਚੀ ਲੈਣ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਲਈ ਪੰਚਾਇਤ ਤੇ ਪਿੰਡ ਵਾਸੀਆਂ ਵਲੋਂ ਹਰ ਪੱਖੋਂ ਸਹਿਯੋਗ ਦਿੱਤਾ ਜਾਵੇਗਾ। ਜਦਕਿ ਵਿਸ਼ੇਸ਼ ਰੂਪ 'ਚ ਸ਼ਾਮਲ ਹੋਏ ਦਿਲਬਰ ਸਿੰਘ, ਸ਼ਿੰਗਾਰਾ ਸਿੰਘ ਅਤੇ ਸ਼੍ਰੀਰਾਮ ਨੇ ਵੀ ਖਿਡਾਰੀਆਂ ਨੂੰ ਅਸ਼ੀਰਵਾਦ ਦਿੰਦਿਆ ਖੇਡਾਂ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਟੀਮ ਲਈ ਦਿੱਤੀ ਜਾਣ ਵਾਲੀ 21 ਹਜ਼ਾਰ ਰੁਪਏ ਦੀ ਇਨਾਮ ਰਾਸ਼ੀ ਪਿੰਡ ਦੇ ਨੌਜਵਾਨ ਮਨੀ ਗਿੱਲ ਅਤੇ ਸ਼ਨੀ ਗਿੱਲ ਵਲੋਂ ਸਾਂਝੇ ਤੌਰ 'ਤੇ ਪ੍ਰਬੰਧਕਾਂ ਨੂੰ ਸੌਂਪੀ ਗਈ। ਸਭਾ ਵਲੋਂ ਮੁੱਖ ਮਹਿਮਾਨਾਂ ਦਾ ਸਨਮਾਨ ਕੀਤਾ। ਟੂਰਨਾਮੈਂਟ ਦੌਰਾਨ ਕਰੀਬ 4 ਦਰਜਨ ਟੀਮਾਂ ਨੇ ਭਾਗ ਲਿਆ। ਇਸ ਤੋਂ ਪਹਿਲਾਂ ਅੱਜ ਹੋਏ ਫਾਈਨਲ ਮੁਕਾਬਲੇ ਦੌਰਾਨ ਨੰਗਲ ਦੀ ਟੀਮ ਨੇ ਪੈਨਾਲਟੀ ਸ਼ੂਟ ਆਊਟ ਰਾਹੀਂ ਬਜਰੂੜ ਦੀ ਟੀਮ ਨੂੰ ਹਰਾ ਕੇ ਟ੍ਰਾਫੀ ਅਤੇ 21 ਹਜ਼ਾਰ ਰੁਪਏ ਦੀ ਨਗਦ ਇਨਾਮ ਰਾਸ਼ੀ 'ਤੇ ਕਬਜ਼ਾ ਕੀਤਾ। ਜਦਕਿ ਦੂਸਰਾ ਸਥਾਨ ਹਾਸਿਲ ਕਰਨ ਵਾਲੀ ਟੀਮ ਨੂੰ 15 ਹਜ਼ਾਰ ਰੁਪਏ ਦੀ ਨਗਦ ਇਨਾਮ ਰਾਸ਼ੀ ਤੇ ਟ੍ਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਨਪ੍ਰੀਤ ਸਿੰਘ, ਗੁਰਭਾਗ ਸਿੰਘ, ਹਰਜਾਪ ਸਿੰਘ, ਦਵਿੰਦਰ ਸਿੰਘ ਰੰਧਾਵਾ, ਨਰਿੰਦਰ ਸਿੰਘ, ਮਨਦੀਪ ਸਿੰਘ, ਭੁਪਿੰਦਰ ਸਿੰਘ ਧਾਮੀ, ਗੁਰਬਿੰਦਰ ਰੰਧਾਵਾ, ਕਾਕੂ ਰੰਧਾਵਾ, ਭੁਪਿੰਦਰ ਸਿੰਘ ਗਿੱਲ, ਹਰਜਾਪ ਸਿੰਘ, ਹਰਪ੍ਰੀਤ ਸਿੰਘ ਭੱਟੋਂ, ਹਰਪਿੰਦਰ ਸਿੰਘ ਗਿੱਲ, ਜਸਪਾਲ ਸਿੰਘ ਲਾਡੀ, ਦਲਜੀਤ ਸਿੰਘ, ਕਮਲਜੀਤ ਸਿੰਘ, ਸਤਿੰਦਰ ਸਿੰਘ ਆਦਿ ਹਾਜ਼ਰ ਸਨ।

ਟੂਰਨਾਮੈਂਟ ਦੌਰਾਨ ਖਿਡਾਰੀਆਂ ਨਾਲ ਯਾਦਗਾਰੀ ਤਸਵੀਰ ਸਮੇਂ ਮੁੱਖ ਮਹਿਮਾਨ ਤੇ ਹੋਰ ਤਸਵੀਰ ਵਿੰਦਰਪਾਲ ਝਾਂਡੀਆਂ।

ਭਾਈ ਨੰਦ ਲਾਲ ਪਬਲਿਕ ਸਕੂਲ ਵਿਖੇ ਵਰਕਸ਼ਾਪ ਲਗਾਈ

ਸ੍ਰੀ ਅਨੰਦਪੁਰ ਸਾਹਿਬ, 8 ਦਸੰਬਰ (ਕਰਨੈਲ ਸਿੰਘ)-ਸਥਾਨਕ ਭਾਈ ਨੰਦ ਲਾਲ ਪਬਲਿਕ ਸਕੂਲ ਵਿਖੇ 'ਆਧੁਨਿਕ ਆਈ. ਟੀ. ਸਕਿਲ ਡਿਵੈਲਪਮੈਂਟ' ਵਿਸ਼ੇ 'ਤੇ ਦੋ ਰੋਜ਼ਾ ਵਰਕਸ਼ਾਪ ਲਗਾਈ ਗਈ, ਜਿਸ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਚੱਲ ਰਹੇ 25 ਸਕੂਲਾਂ ਦੇ ਕੰਪਿਊਟਰ ਅਧਿਆਪਕਾਂ ਨੇ ਭਾਗ ਲਿਆ। ਵਰਕਸ਼ਾਪ ਦੇ ਪਹਿਲੇ ਦਿਨ ਦਵਿੰਦਰ ਸਿੰਘ ਮਿਨਹਾਸ ਨੇ ਕਲਾਊਡ ਕੰਪਿਊਟਿੰਗ, ਸਾਈਬਰ ਸੇਫ਼ਟੀ, ਰੋਬੋਟਿਕਸ ਆਦਿ ਬਾਰੇ ਸੈਸ਼ਨ ਲਿਆ ਅਤੇ ਅੱਜ ਦੂਜੇ ਦਿਨ ਸ੍ਰੀ ਸ਼ਿਵਾ ਗਣੇਸ਼ ਨੇ ਆਰਟੀਫਿਸ਼ਅਲ ਇੰਟੈਲੀਜਸ, ਚੈਟ ਜੀ. ਪੀ. ਟੀ. ਆਦਿ ਸਬੰਧੀ ਸੈਸ਼ਨ ਲਿਆ, ਜੋ ਕਿ ਸਮੇਂ ਦਾ ਹਾਣੀ ਬਣਨ ਲਈ ਬਹੁਤ ਜ਼ਰੂਰੀ ਵਿਸ਼ੇ ਹਨ ਤੇ ਉਨਾਂ ਨੇ ਇਸ ਸਬੰਧੀ ਬਹੁਤ ਹੀ ਗਿਆਨ ਭਰਪੂਰ ਜਾਣਕਾਰੀਆਂ ਸਾਂਝੀਆਂ ਕੀਤੀਆਂ। ਹੋਰ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਸਤਨਾਮ ਸਿੰਘ ਨੇ ਦਿੰਦਿਆਂ ਕਿਹਾ ਕਿ ਇਹੋ ਜਿਹੇ ਸੈਸ਼ਨ ਸਮੇਂ ਸਮੇਂ ਤੇ ਲੱਗਦੇ ਰਹਿਣੇ ਚਾਹੀਦੇ ਹਨ ਤਾਂ ਜੋ ਮਾਡਰਨ ਟੈਕਨੋਲੋਜੀ ਦੇ ਨਾਲ ਵਿਦਿਆਰਥੀਆਂ ਨੂੰ ਜੋੜਿਆ ਜਾ ਸਕੇ। ਇਸ ਵਿਚ ਸਕੂਲ ਦੇ ਸਾਰੇ ਕੰਪਿਊਟਰ ਡਿਪਾਰਟਮੈਂਟ ਨੇ ਹਿੱਸਾ ਲਿਆ।

ਸਮਾਗਮ ਦੌਰਾਨ ਸੰਗਤਾਂ ਨੂੰ ਕੀਰਤਨ ਰਸ ਨਾਲ ਨਿਹਾਲ ਕਰਦਾ ਜਥਾ। ਤਸਵੀਰ: ਅੰਮ੍ਰਿਤਪਾਲ ਸਿੰਘ ਬੰਟੀ

ਸ਼ਹੀਦੀ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ

ਪੁਰਖਾਲੀ, 8 ਦਸੰਬਰ (ਅੰਮ੍ਰਿਤਪਾਲ ਸਿੰਘ ਬੰਟੀ)-ਗੁਰਦੁਆਰਾ ਸਿੰਘਾਂ ਸ਼ਹੀਦਾਂ ਪੁਰਖਾਲੀ ਵਿਖੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਪਾਠਾਂ ਦੇ ਭੋਗ ਪਾਏ ਗਏ। ਇਸ ਉਪਰੰਤ ਭਾਈ ਈਸ਼ਰ ਸਿੰਘ ਸੰਗਤਪੁਰਾ ਦੇ ਜਥੇ ਵਲੋਂ ਸੰਗਤਾਂ ਨੂੰ ਕੀਰਤਨ ਰਸ ਨਾਲ ਨਿਹਾਲ ਕੀਤਾ। ਇਸ ਮੌਕੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਕੇਸਰ ਸਿੰਘ ਵਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਰੂਪ ਸਿੰਘ, ਸਰਪੰਚ ਨਿਰਮਲ ਸਿੰਘ, ਗ੍ਰੰਥੀ ਸੁਖਵਿੰਦਰ ਸਿੰਘ, ਹਰਜਿੰਦਰ ਸਿੰਘ, ਜਗਜੀਤ ਸਿੰਘ ਤੇ ਹੋਰ ਸੰਗਤਾਂ ਹਾਜ਼ਰ ਸਨ।

ਕਬੱਡੀ ਕੱਪ ਦੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਦੌਰਾਨ ਭਾਜਪਾ ਨੇਤਾ ਲਾਲਪੁਰਾ। (ਸੱਜੇ) ਸਨਮਾਨਿਤ ਕਰਨ ਮੌਕੇ ਇੰਚਾਰਜ ਸੁਖਵਿੰਦਰ ਸਿੰਘ ਅਤੇ ਪ੍ਰਬੰਧਕ। ਅਜੀਤ ਤਸਵੀਰਾਂ

ਪੰਜਵਾਂ ਕਬੱਡੀ ਕੱਪ ਸਮਾਪਤ

ਭਰਤਗੜ੍ਹ, 8 ਦਸੰਬਰ (ਜਸਬੀਰ ਸਿੰਘ ਬਾਵਾ)-ਸੱਚਖੰਡਵਾਸੀ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਹੰਸਾਲੀ ਸਾਹਿਬ ਦੀ ਯਾਦ ਅਤੇ ਮੌਜੂਦਾ ਮੁਖੀ ਬਾਬਾ ਪਰਮਜੀਤ ਸਿੰਘ ਹੰਸਾਲੀ ਸਾਹਿਬ ਦੀ ਰਹਿਨੁਮਾਈ 'ਚ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੇ ਨੁਮਾਇੰਦਿਆਂ ਵਲੋਂ ਇਲਾਕਾ ਵਾਸੀਆਂ ਅਤੇ ਐੱਨ. ਆਰ. ਆਈ. ਭਰਾਵਾਂ ਦੇ ਸਹਿਯੋਗ ਨਾਲ ਕਰਵਾਏ ਪੰਜਵੇਂ ਕਬੱਡੀ ਕੱਪ ਦਾ ਉਦਘਾਟਨ 'ਪਹਿਲਾਂ ਇਨਸਾਨੀਅਤ' ਸੰਸਥਾ ਦੇ ਬਾਨੀ ਅਤੇ ਭਾਜਪਾ ਨੇਤਾ ਅਜੇਵੀਰ ਸਿੰਘ ਲਾਲਪੁਰਾ ਨੇ ਕੀਤਾ। ਕਬੱਡੀ ਮੁਕਾਬਲਿਆਂ 'ਚ 38 ਕਿੱਲੋ ਵਰਗ 'ਚ ਭੂੰਦੜ ਦੀ ਟੀਮ ਨੇ ਪਹਿਲੀ, ਗੱਜਪੁਰ ਦੀ ਟੀਮ ਨੇ ਦੂਜੀ, 42 ਕਿੱਲੋ ਵਰਗ ਚ ਲਾਡੋਵਾਲ ਨੇ ਪਹਿਲੀ, ਹਰੀਵਾਲ ਨੇ ਦੂਜੀ, 50 ਕਿੱਲੋ ਵਰਗ 'ਚ ਹਰੀਵਾਲ ਨੇ ਪਹਿਲੀ, ਕੰਡਿਆਲਾ ਮੋਗਾ ਨੇ ਦੂਜੀ, 58 ਕਿੱਲੋ ਵਰਗ 'ਚ ਰਸੂਲੜਾ ਨੇ ਪਹਿਲੀ, ਡੰਬਾਲ ਸਾਨੀ ਨੇ ਦੂਜੀ, 65 ਕਿੱਲੋ ਵਰਗ 'ਚ ਮਾਲੇਵਾਲ ਨੇ ਪਹਿਲੀ, ਫਤਿਹਪੁਰ ਮਾਨਸਾ ਨੇ ਦੂਜੀ ਪੁਜ਼ੀਸ਼ਨ ਪ੍ਰਾਪਤ ਕੀਤੀ। ਉਕਤ ਤੋਂ ਇਲਾਵਾ 75 ਕਿੱਲੋ ਵਰਗ 'ਚ ਟੋਡਰ ਮੱਲ ਕਲੱਬ ਜਲੰਧਰ ਨੇ ਪਹਿਲੀ, ਬਲਾਚੌਰ ਨੇ ਦੂਜੀ ਪੁਜ਼ੀਸ਼ਨ, ਰੱਸਾਕੱਸੀ ਮੁਕਾਬਲੇ ਚ ਪਹਿਲਾ ਸਥਾਨ ਸ਼ਾਹਪੁਰ ਦੀ ਟੀਮ ਨੇ ਪਹਿਲੀ ਪੁਜ਼ੀਸ਼ਨ ਪ੍ਰਾਪਤ ਕੀਤੀ। ਸਮਾਪਤੀ ਮੌਕੇ ਪ੍ਰਸਿੱਧ ਢਾਡੀ ਗਿ. ਜਤਿੰਦਰ ਸਿੰਘ ਬੈਂਸ ਅਤੇ ਸਾਥੀਆਂ ਨੇ ਜੁੜੇ ਖੇਡ ਪ੍ਰੇਮੀਆਂ ਅਤੇ ਮੁਹਤਬਰਾਂ ਨੂੰ ਢਾਡੀ ਵਾਰਾਂ ਨਾਲ ਨਿਹਾਲ ਕੀਤਾ, ਸ੍ਰੀ ਗੁਰੂ ਤੇਗ ਬਹਾਦਰ ਗਤਕਾ ਅਖਾੜਾ ਭਰਤਗੜ੍ਹ ਦੇ ਸਿੰਘਾਂ ਨੇ ਗਤਕੇ ਦੇ ਜੌਹਰ ਦਿਖਾਏ, ਪਿੰਡ ਦੀਆਂ ਨਿੱਕੀਆਂ ਬਾਲੜੀਆਂ ਨੇ ਗਿੱਧਾ ਪਾ ਕੇ ਹਾਜ਼ਰੀਨਾਂ ਦਾ ਮਨ ਮੋਹਿਆ। ਖਿਡਾਰੀਆਂ ਦੀ ਹੌਸਲਾ ਅਫਜ਼ਾਈ ਦੌਰਾਨ ਭਾਜਪਾ ਨੇਤਾ ਅਜੇਵੀਰ ਸਿੰਘ ਲਾਲਪੁਰਾ ਨੇ ਜੇਤੂਆਂ ਨੂੰ ਇਨਾਮ ਰਾਸ਼ੀ ਤੇ ਕੱਪ ਨਾਲ ਸਨਮਾਨਿਤ ਕੀਤਾ, ਕਲੱਬ ਵਾਸਤੇ 11 ਹਜ਼ਾਰ ਰੁ: ਨਕਦ ਸਹਿਯੋਗ ਰਾਸ਼ੀ ਦੇ ਨਾਲ-ਨਾਲ ਨਿੱਜੀ ਸੰਸਥਾ ਰਾਹੀਂ ਭਰਤਗੜ੍ਹ ਖੇਤਰ ਦੇ ਲੋਕਾਂ ਵਾਸਤੇ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਸਾਬਕਾ ਵਿਧਾਇਕ ਕੇ. ਐਲ. ਠਾਕੁਰ, ਇੰਚਾਰਜ ਸੁਖਵਿੰਦਰ ਸਿੰਘ, ਪ੍ਰਧਾਨ ਜਸਪਾਲ ਸਿੰਘ ਅਟਵਾਲ, ਜਗਦੀਪ ਅਟਵਾਲ, ਅਜੀਤਪਾਲ ਸਿੰਘ, ਕੀਰਤ ਬਾਸ਼ਲ, ਜਿੰਦਰ ਬੈਂਸ, ਲੱਕੀ ਰੰਧਾਵਾ, ਹਰਮੰਦਰ ਰਾਣਾ, ਵਿੱਕੀ ਰਾਣਾ,ਸੁੱਖਾ ਢਿੱਲੋਂ, ਤੇਜੀ ਰਾਣਾ, ਕਾਕਾ ਰਾਣਾ, ਜੋਧਾ ਫੌਜੀ, ਸੁੱਖੀ ਖਰੋਟਾ, ਕੈਪਟਨ ਹਰੀਅਵਤਾਰ ਸਿੰਘ, ਹਰਕਿਰਪਾਲ ਸਿੰਘ, ਸੁਖਦੇਵ ਸਿੰਘ, ਪਰਵਿੰਦਰ ਸਿੰਘ, ਬਲਵਿੰਦਰ ਸਿੰਘ ਢਿੱਲੋਂ, ਯੋਗੇਸ਼ ਪੁਰੀ, ਮਲਕੀਤ ਕੌਰ ਬੈਂਸ, ਢਾਡੀ ਗੁਰਿੰਦਰ ਸਿੰਘ ਬੈਂਸ, ਸਰਪੰਚ ਪਰਦੀਪ ਕੁਮਾਰ, ਰਜਨੀਸ਼ ਪੁਰੀ, ਧਨਵੰਤ ਸਿੰਘ ਰਾਣਾ, ਜਗਜੀਵਨ ਸਿੰਘ, ਮੋਨਿਤ ਗਿੱਲ, ਗੁਰਜੀਤ ਰਾਣਾ, ਲਾਲਾ ਬੈਂਸ, ਸਵਿਤਾ ਪੁਰੀ, ਰਾਣੀ ਰਣਜੀਤ ਕੌਰ ਤੇ ਗੁਰਮੇਲ ਸਿੰਘ ਗੋਗੀ ਆਦਿ ਮੌਜੂਦ ਸਨ।

ਸਿਰਲੇਖਵਾਰ ਇਸ਼ਤਿਹਾਰ Classified Advertisement

ਕੰਨਿਆ ਦੀ ਲੋੜ
Bride Wanted

ਜੱਟ ਸਿੱਖ Govt. Job ਲੜਕਾ 1994/6' B.Sc 16 Acre's Land ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ। 85449-57192.
..........18w

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਕੱਦ 6'-1" ਲੜਕੇ ਲਈ ਪੜ੍ਹੀ-ਲਿਖੀ, ਸੋਹਣੀ-ਸੁਨੱਖੀ ਕੈਨੇਡੀਅਨ ਜਾਂ ਇੰਡੀਅਨ ਪਰਿਵਾਰਿਕ ਲੜਕੀ ਦੀ ਲੋੜ। ਲੜਕੇ ਦਾ ਪਰਿਵਾਰ ਕੈਨੇਡਾ ਵੈੱਲ ਸੈਟਲਡ। ਲੜਕਾ ਇੰਡੀਆ ਆਇਆ ਹੋਇਆ। ਬਾਇਓ ਡਾਟਾ Whatsapp 'ਤੇ ਭੇਜੋ 7986137214, 6280288170, 62802-22408
..........37w

ਜੱਟ ਸਿੱਖ ਗਿੱਲ 30/6'-0" ਆਸਟ੍ਰੇਲੀਆ PR ਲੜਕੇ ਲਈ ਪੜ੍ਹੀ-ਲਿਖੀ ਪਰਿਵਾਰਕ ਲੜਕੀ ਚਾਹੀਦੀ। ਬਿਊਰੋ ਮੁਆਫੀ। +61416340117 ਆਸਟ੍ਰੇਲੀਆ, +9198150-21756 ਵਟਸਐਪ, 76580-35239. ਇੰਡੀਆ।
..........22w

ਵਰ ਦੀ ਲੋੜ
Groom Wanted

ਖੂਬਸੂਰਤ ਜੱਟਸਿੱਖ ਕੈਨੇਡਾ ਪੀ ਆਰ ਲੜਕੀ 2001/5'-8" B.Sc, Nursing, RN, 18 Acre's land ਇਕਲੌਤੀ ਲੜਕੀ ਲਈ ਵਧੀਆ ਖਾਨਦਾਨ ਦੀ ਲੋੜ। 80541-80294.
..........20w

ਵਰ ਦੀ ਲੋੜ
Groom Wanted

ਜੱਟ ਸਿੱਖ ਲੜਕੀ 1999/5'-6" B.Sc Nursing ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 81949-49983.
..........15w

ਜੱਟ ਸਿੱਖ ਯੂ. ਕੇ. ਸਿਟੀਜ਼ਨ ਲੜਕੀ 2000/5'-7" B.Sc (Honours) Accountant ਲਈ ਵਧੀਆ ਪਰਿਵਾਰ ਦੀ ਲੋੜ। 98762-46527.
..........15w

ਜੱਟ ਸਿੱਖ ਕੈਨੇਡਾ ਪੀ ਆਰ ਲੜਕੀ 1994/5'-6" Degree in Account (Canada) ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 98783-33754.
..........17w

ਜੱਟ ਸਿੱਖ ਕੈਨੇਡਾ ਪੀ ਆਰ ਲੜਕੀ 1996/5'-7" B.Sc Nursing Govt. Job RN ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 98141-58021
..........19w

ਜੱਟ ਸਿੱਖ ਕੈਨੇਡਾ ਪੀ ਆਰ ਲੜਕੀ 1998/5'-7" B.Sc Nursing, RN ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 78370-05734.
..........15w

ਰਾਮਦਾਸੀਆ ਸਿੱਖ ਨਿਊਜ਼ੀਲੈਂਡ ਸਿਟੀਜ਼ਨ ਲੜਕੀ 1999/5'-5" M.Sc ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 98555-11185.
..........15w

ਵਰ ਦੀ ਲੋੜ
Groom Wanted

ਰਾਮਦਾਸੀਆ ਸਿੱਖ ਆਸਟ੍ਰੇਲੀਆ ਪੀ ਆਰ ਲੜਕੀ 2000/5'-7" Bachelor's of Nursing Registered Nurse ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। Caste no Bar. ਲੜਕੀ India ਆਈ ਹੈ। 90563-63382.
..........26w

ਮਜ਼੍ਹਬੀ ਸਿੱਖ Govt. Bank Job ਲੜਕੀ 1998/5'-6" B.Sc (Honours) ਲਈ Govt. Employee ਜਾਂ Businessman ਲੜਕੇ ਦੀ ਲੋੜ। 83601-14860.
..........19w

ਮਜ਼੍ਹਬੀ ਸਿੱਖ ਕੈਨੇਡਾ ਪੀ ਆਰ ਲੜਕੀ 1998/5'-5" B.Sc Nursing, RN ਲਈ ਵਧੀਆ ਪਰਿਵਾਰ ਦੀ ਲੋੜ। 99150-95937.
..........15w

ਸੂਚਨਾ

ਇਸ਼ਤਿਹਾਰ ਦਾਤਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ਼ਤਿਹਾਰਾਂ ਵਿਚ ਕਿਸੇ ਵੀ ਤਰ੍ਹਾਂ ਦੀ ਗ਼ਲਤੀ ਹੋਣ 'ਤੇ 7 ਦਿਨਾਂ ਦੇ ਅੰਦਰ ਮੁੱਖ ਦਫ਼ਤਰ ਸੰਪਰਕ ਕੀਤਾ ਜਾਵੇ। ਇਸ ਤੋਂ ਬਾਅਦ ਕੀਤੇ ਕਿਸੇ ਵੀ ਦਾਅਵੇ ਦਾ ਮੁੱਖ ਦਫ਼ਤਰ ਜ਼ਿੰਮੇਵਾਰ ਨਹੀਂ ਹੋਵੇਗਾ।
-ਇਸ਼ਤਿਹਾਰ ਮੈਨੇਜਰ

ਸੂਚਨਾ
Notice

ਨਾਂਅ ਦੀ ਬਦਲੀ
Change of Name

I, Sahil S/o Devi Dyal R/o H. No. 01 Near Vikash Dharam Shala, Abdullapur Basti Ludhiana (Punjab) have changed my name Sahil to Sahil Kumar. Concerned note.
..........27w

ਨੌਕਰੀਆਂ/ਰੋਜ਼ਗਾਰ
jobs jobs jobs

ਅਸਾਮੀਆਂ
Vacancy

Golden Chance ਚਾਹੀਦੇ Bank/MNC ਅੱਠਵੀਂ, ਦਸਵੀਂ, ਬਾਰ੍ਹਵੀਂ, ਗ੍ਰੈਜੂਏਟ ਲੜਕੇ-ਲੜਕੀਆਂ (14,000-30,000) 7837691675, 7837048128.
..........15w

ਇਲਾਜ
Medical

ਬਿਊਟੀ
Beauty

ਦਾੜ੍ਹੀ ਦਾ ਸਫੈਦ ਹੋਣਾ, ਵਾਲਾਂ ਦਾ ਝੜਨਾ, ਕੰਪਿਊਟਰਾਈਜ਼, ਮਸ਼ੀਨਾਂ ਦੁਆਰਾ ਟੈਸਟ ਕਰਕੇ ਲੇਜ਼ਰ ਮਸ਼ੀਨ/ਪੀ ਆਰ ਪੀ ਨਾਲ ਠੀਕ। ਲੇਜ਼ਰ+ਦਵਾਈ 1200-1500/-ਹਫਤਾ। ਸਿਰੀਰਾਮ ਹਸਪਤਾਲ, ਫਰੀਦਕੋਟ। 98143-32202.
..........27w

ਪਾਠਕਾਂ ਦੇ ਧਿਆਨ ਹਿਤ

ਪਾਠਕਾਂ ਨੂੰ ਬੇਨਤੀ ਹੈ ਕਿ ਇਸ ਅਖ਼ਬਾਰ ਵਿਚ ਪ੍ਰਕਾਸ਼ਿਤ ਕਿਸੇ ਵੀ ਇਸ਼ਤਿਹਾਰ ਦੇ ਸਬੰਧ ਵਿਚ ਕਿਸੇ ਵੀ ਤਰ੍ਹਾਂ ਦਾ ਕਦਮ ਚੁੱਕਣ (ਧਨ ਭੇਜਣ, ਡਾਕਟਰੀ ਸਲਾਹ ਜਾਂ ਹੋਰ ਕਿਸੇ ਤਰ੍ਹਾਂ ਦੀ ਕਾਰਵਾਈ) ਤੋਂ ਪਹਿਲਾਂ ਚੰਗੀ ਤਰ੍ਹਾਂ ਪੜਤਾਲ ਕਰ ਲੈਣ। ਕਿਸੇ ਉਤਪਾਦ/ਸੇਵਾਵਾਂ/ਰਿਸ਼ਤੇ ਅਤੇ ਵਿਆਹ ਦੇ ਸਬੰਧ ਵਿਚ ਕੀਤੇ ਕਿਸੇ ਇਸ਼ਤਿਹਾਰਦਾਤਾ ਦੇ ਕਿਸੇ ਤਰ੍ਹਾਂ ਦੇ ਦਾਅਵਿਆਂ ਤੇ ਵਾਅਦਿਆਂ ਲਈ 'ਅਜੀਤ' ਜ਼ਿੰਮੇਵਾਰ ਨਹੀਂ ਹੋਵੇਗਾ। 'ਅਜੀਤ' ਕਿਸੇ ਇਸ਼ਤਿਹਾਰ ਦੇ ਸਬੰਧ ਵਿਚ ਚੁੱਕੇ ਕਿਸੇ ਕਦਮ ਦੇ ਨਤੀਜੇ ਅਤੇ ਇਸ਼ਤਿਹਾਰਦਾਤਾਵਾਂ ਦੇ ਆਪਣੇ ਵਾਅਦਿਆਂ 'ਤੇ ਖਰਾ ਨਾ ਉਤਰਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ।